ਆਈ.ਸੀ.ਏ.ਆਰ: ਭਾਰਤੀ ਖੇਤੀਬਾੜੀ ਖੋਜ ਸੰਸਥਾ ਨਰਮੇ-ਕਪਾਹ ਦੀ ਫ਼ਸਲ ਲਈ (22 ਤੋਂ 28 ਜੁਲਾਈ, 2019) ਹਫ਼ਤੇ ਲਈ ਸਿਫ਼ਾਰਿਸ਼ਾਂ ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫ਼ਾਰਿਸ਼ਾਂ ਅਨੁਸਾਰ ਹਨ:

| | **ਮੀਂਹ ਪਿਆ** | | | | **ਪੈਣ ਦੀ ਸੰਭਾਵਨਾ** | | | | | | | **ਸਲਾਹ** |
|---|---|---|---|---|---|---|---|---|---|---|---|---|
| | ਜੁਲਾਈ | | | | ਜੁਲਾਈ | | | | | | | |
| ਮਿਤੀ | **18** | **19** | **20** | **21** | **22** | **23** | **24** | **25** | **26** | **27** | **28** | |
| **ਪੰਜਾਬ** | | | | | | | | | | | | ਬਠਿੰਡਾ ਅਤੇ ਫਰੀਦਕੋਟ ਵਿਖੇ ਫ਼ਸਲ ਲੱਗਭੱਗ 60-75 ਦਿਨਾਂ ਦੀ ਹੋ ਚੁੱਕੀ ਹੈ। ਅਤੇ ਫ਼ਸਲ ਦੀ ਹਾਲਤ ਠੀਕ ਹੈ। ਪਿਛਲੇ ਸਮੇਂ ਦੌਰਾਨ ਭਾਰੀ ਬਾਰਿਸ਼ ਹੋਈ ਹੈ। ਚਿੱਟੀ ਮੱਖੀ ਦੀ ਗਿਣਤੀ 0-3 ਪ੍ਰਤੀ ਤਿੰਨ ਪੱਤੇ ਹੈ ਪਰ ਹਰੇ ਤੇਲੇ ਅਤੇ ਜੂੰ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ ਹੈ। ਬਾਰਿਸ਼ ਜਾਂ ਪਾਣੀ ਲਗਾਉਣ ਤੋਂ ਬਾਅਦ ਕੁਝ ਕਿਸਾਨਾਂ ਦੇ ਖੇਤਾਂ ਵਿੱਚ ਜੜ੍ਹਾਂ ਦੇ ਗਲਣ ਦੀ ਸਮੱਸਿਆ ਵੀ ਦੇਖੀ ਗਈ। ਫਰੀਦਕੋਟ ਵਿਖੇ ਜੂੰ ਦਾ ਹਮਲਾ ਦੇਖਣ ਨੂੰ ਮਿਲਿਆ ਹੈ ਅਤੇ ਹਰੇ ਤੇਲੇ ਦੀ ਗਿਣਤੀ ਵੀ ਆਰਥਿਕ ਕਗਾਰ ਤੋਂ ਉਪਰ ਪਾਈ ਗਈ ਹੈ।<br><br>ਸਲਾਹ: ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਸਵੇਰੇ 10 ਵਜੇ ਤੋਂ ਪਹਿਲਾਂ ਸਰਵੇਖਣ ਕਰਨ। ਚਿੱਟੀ ਮੱਖੀ ਅਤੇ ਤੇਲੇ ਦੀ ਸੁਰੂਆਤੀ ਆਮਦ ਨੂੰ ਦੇਖਣ ਲਈ ਪੀਲੇ ਕਾਰਡ ਲਗਾਉਣ। ਜੇਕਰ ਚਿੱਟੀ ਮੱਖੀ, ਤੇਲੇ ਅਤੇ ਜੂੰ ਦੀ ਗਿਣਤੀ ਆਰਥਿਕ ਕਗਾਰ ਤੋਂ ਵੱਧਦੀ ਹੈ ਤਾਂ ਫਾਈਫੈਨਥੀਯੂਰੋਨ @ 200 ਗ੍ਰਾਮ ਜਾਂ ਫਲੋਨੀਕਾਮਿਡ @ 80 ਗ੍ਰਾਮ ਜਾਂ ਡਾਈਨੋਟੇਫੂਰਾਨ @ 60 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਂਲ ਛਿੜਕਾਅ ਕਰੋ। ਜੇਕਰ ਕੀੜਿਆਂ ਦੀ ਗਿਣਤੀ 6-8 ਪ੍ਰਤੀ 1 ਪੱਤੇ ਦੀ ਆਰਥਿਕ ਕਗਾਰ ਤੋਂ ਵੱਧਦੀ ਹੈ ਤਾਂ ਨਿੰਮ ਅਧਾਰਿਤ ਕੀਟਨਾਸ਼ਕਾ ਦਾ 1 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਥਾਂ ਤੇ ਕਾਲੀ ਉਲੀ ਦੇ ਨਾਲ ਨਾਲ ਬਾਲਗਾਂ ਅਤੇ ਨਿੰਫਸ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਡਾਇਫੈਨਥੀਯੂਰੋਨ @ 50 ਡਬਲਯੂ ਪੀ 200 ਗ੍ਰਾਮ ਪ੍ਰਤੀ ਏਕੜ ਜਾਂ ਪਾਈਰੀਪਰੋਕਸੀਫੈਨ 10 ਈ ਸੀ @ 500 ਮਿਲੀਲਿਟਰ ਜਾਂ ਸਪਾਈਰੋਮੈਸੀਫੇਨ @ 22.9 ਐਸ ਸੀ @ 200 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ।ਜੇਕਰ ਜੜ੍ਹ ਦੇ ਗਲਣ ਦੀ ਸਮੱਸਿਆ ਆਵੇ ਤਾਂ ਕਾਰਬਿਨਡਾਜਿਮ ਜਾਂ ਥੀਰਮ 37.5 + ਕਾਰਬੋਕਸਿਨ 37.5 @ 0.2 ਪ੍ਰਤੀਸ਼ਤ ਦੇ ਹਿਸਾਬ ਨਾਂਲ ਜੜ੍ਹਾ ਵਿੱਚ ਪਾਓ। |
| ਫਿਰੋਜ਼ਪੁਰ | | | | 3 | 0 | 0 | 0 | 3 | 14 | 14 | 10 | |
| ਫਰੀਦਕੋਟ | 0 | 0 | 1 | 3 | 0 | 0 | 0 | 3 | 12 | 14 | 7 | |
| ਮੁਕਤਸਰ | | | | 0 | 0 | 0 | 0 | 3 | 11 | 7 | 3 | |
| ਬਠਿੰਡਾ | 0 | 0 | 0 | 3 | 0 | 0 | 3 | 3 | 14 | 16 | 3 | |
| ਸੰਗਰੂਰ | | | | 0 | 0 | 0 | 0 | 8 | 40 | 14 | 0 | |
| ਲੁਧਿਆਣਾ | 0 | 0 | 0 | 0 | 3 | 0 | 5 | 32 | 22 | 35 | 12 | |
| **ਹਰਿਆਣਾ** | | | | | | | | | | | | |
| ਹਿਸਾਰ | 24.2 | 0 | 0 | 0 | 0 | 5 | 0 | 11 | 91 | 40 | 3 | ਸਿਰਸਾ ਵਿਖੇ ਫ਼ਸਲ 75-85 ਦਿਨਾਂ ਦੀ ਹੋ ਚੁੱਕੀ ਹੈ। ਫ਼ਸਲ ਦੀ ਹਾਲਤ ਠੀਕ ਹੈ।। ਹਰਿਆਣਾ ਦੇ ਸਿਰਸਾ ਵਿਖੇ ਕਿਸਾਨਾਂ ਦੇ ਖੇਤਾਂ ਵਿੱਚ ਚਿੱਟੀ ਮੱਖੀ ਦੀ ਗਿਣਤੀ 9-30 ਪ੍ਰਤੀ ਤਿੰਨ ਪੱਤੇ ਅਤੇ ਜੀਂਦ ਵਿਖੇ |
| ਜੀਂਦ | | | | 0 | 0 | 0 | 0 | 40 | 118 | 15 | 4 | |

| | | | | | | | | | | | | |
|---|---|---|---|---|---|---|---|---|---|---|---|---|
| ਸਰਸਾ | | | | 0 | 0 | 0 | 0 | 9 | 8 | 10 | 0 | 1–20.5 ਪ੍ਰਤੀ ਤਿੰਨ ਪੱਤੇ ਹੈ। ਜੂੰ ਦੀ ਗਿਣਤੀ 10.1–30.4 ਅਤੇ ਤੇਲੇ ਦੀ ਗਿਣਤੀ 1.3–3.9 ਪ੍ਰਤੀ ਤਿੰਨ ਪੱਤੇ ਹੈ। _ਝ ਥਾਵਾਂ ਤੇ ਪੱਤਾ ਮਰੋੜ ਰੋਗ ਵੀ ਦੇਖਣ ਨੂੰ ਮਿਲਿਆ ਹੈ।<br><br>ਸਲਾਹ:<br><br>ਰਸ ਚੂਸਣ ਵਾਲੇ ਤਿੰਨਾਂ ਕੀੜਿਆਂ ਦੀ ਗਿਣਤੀ ਵੱਧ ਰਹੀ ਹੈ। ਕਿਸਾਨਾਂ ਨੂੰ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਅਤੇ ਚਿੱਟੀ ਮੱਖੀ ਦੀ ਸ਼ੁਰੂਆਤੀ ਆਮਦ ਨੂੰ ਦੇਖਣ ਲਈ ਪੀਲੇ ਕਾਰਡ ਲਗਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵੀ ਰਸ ਚੂਸਣ ਵਾਲੇ ਕੀੜੇ ਦੀ ਗਿਣਤੀ ਨੁਕਸਾਨੀ ਆਰਥਿਕ ਕਗਾਰ ਤੇ ਪਹੁੰਚਦੀ ਹੈ ਤਾਂ ਨਿੰਮ ਅਧਾਰਿਤ ਕੀਟਨਾਸ਼ਕ ਦਾ 5 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕੀਤਾ ਜਾਵੇ।ਜੇਕਰ ਚਿੱਟੀ ਮੱਖੀ ਅਤੇ ਜੂੰ ਦਾ ਹਮਲਾ ਹੁੰਦਾ ਹੈ ਤਾਂ ਡਾਈਫੈਨਥੀਯੂਰੋਨ 50 ਡਬਲਯੂ ਪੀ @ 200 ਗ੍ਰਾਮ ਪ੍ਰਤੀ ਏਕੜ ਜਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ ਜਾਂ ਡਾਈਨੋਟੇਫੂਰਾਨ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰਨਾ ਚਾਹੀਦਾ ਹੈ। |
| ਰੋਹਤਕ | 88 | 0 | 0 | 0 | 0 | 0 | 0 | 15 | 88 | 73 | 7 | |

| <5 | 5-20 | 21-50 | 51-80 | >80 |
|---|---|---|---|---|

0.0 mm rainfall ( no rainfall ) .
Blank space express data Not available.
Source : http://imdagrimet.gov.in

(Note: Data Assessed from http://imdagrimet.gov.in on 1st July, 2019)